# ਖ਼ੁਲਾਸਾ ਖ਼ੁਤਬਾ ਜੁਮੱਾ 16.05.2014

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

ਤਸ਼ੱਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਬੀਤੇ ਜੁੱਮੇ ਵਿੱਚ ਵਰਨਣ ਹੋਇਆ ਸੀ ਕਿ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨੇ ਹਜ਼ਰਤ ਮੁਹਮੱਦ ਮੁਸਤਫ਼ਾ ਸਲਲਾਹੁ ਅਲੈਹਿ ਵਸਲੱਮ ਵਿੱਚ ਲੀਨ ਹੋਕੇ ਕੁਰਆਨੀ ਅਦੇਸ਼ਾਂ ਨੂੰ ਸਮਝਿਆ, ਅਲੱਾਹ ਤਆਲਾ ਦੀ ਤੌਹੀਦ ਨੂੰ ਸਮਝਿਆ ਕਿਉਂਕਿ ਤੌਹੀਦ ਦਾ ਵਾਸਤਵਿਕ ਵਿਸ਼ਾ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਦੇ ਵਸੀਲੇ ਤੋਂ ਬਿਨਾ ਸਮਝ ਆ ਹੀ ਨਹੀਂ ਸਕਦਾ ਅਤੇ ਨ ਹੀ ਕੁਰਆਨ ਕਰੀਮ ਦਾ ਗਿਆਨ ਪ੍ਰਾਪਤ ਹੋ ਸਕਦਾ ਹੈ । ਇਸ (لا إله إلا الله) ਲਈ ਲਾ ਇਲਾਹਾ ਇਲਲੱਾਹੁ ਦੇ ਨਾਲ (محمد رسول الله) ਮੁਹਮੱਾਦੁਰ ਰਸਲੁਲੱਲਾਹਿ ਨੂੰ ਸਮਝਣਾ ਵੀ ਅਤਿਅੰਤ ਜ਼ਰੂਰੀ ਹੈ । ਮੁਹਮੱਦ ਰਸੂਲੁਲੱਾਹ ਸਲੱਾਹੁ ਅਲੈਹਿ ਵਸਲੱਮ ਹੀ ਹਨ ਜੋ ਲਾ ਲਿਾਹਾ ਇਲਲੱਾਹੁ ਦਾ ਹੀਕੀਕੀ ਕਰਮ ਰੂਪੀ ਨਮੂਨਾ ਤੇ ਉਧਾਰਣ ਹਨ । ਸੋ, ਅੱਜ ਮੈਂ ਇਸ ਬਾਰੇ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦੇ ਕੁਝ ਕਥਨ ਪੇਸ਼ ਕਰਾਂਗਾ ਜੋ ਤੌਹੀਦ (ਇਕ ਈਸ਼ਵਰਵਾਦ) ਬਾਰੇ ਆਪ ਜੀ ਨੇ ਬਿਆਨ ਫ਼ਰਮਾਏ ਕਿ ਸੱਚੀ ਤੌਹੀਦ ਕੀ ਹੈ ? ਤੌਹੀਦ ਦੀ ਵਾਸਤਵਿਕਤਾ ਕੀ ਹੈ ? ਕਿਵੇਂ ਅਮਲ (ਕਰਮ) ਕਰਨ ਨਾਲ ਮਨੁੱਖ ਹਕੀਕੀ ਇਕ ਈਸ਼ਵਰਵਾਦੀ ਅਖਵਾ ਸਕਦਾ ਹੈ ?

ਸੂਰਾਤੁਨੱਾਸ ਦੀ ਵਿਆਖਿਆ ਵਿੱਚ 'ਇਲਾਹਿਨੱਾਸਿ' ਦੀ ਮਹਤੱਾ ਉਪੱਰ ਚਾਨ੍ਹਣਾ ਪਾਉਂਦਿਆਂ ਹੋਇਆ ਆਪ ਫ਼ਰਰਮਾਉਂਦੇ ਹਨ ਕਿ ਮੈਂ ਦਸੱਣਾ ਚਾਹੁੰਦਾ ਹਾਂ ਕਿ ਪਹਿਲਾਂ ਇਸ ਸੂਰਤ ਵਿੱਚ ਖ਼ੁਦਾ ਤਆਲਾ ਨੇ 'ਰੱਬਿਨੱਾਸਿ' ਫ਼ਰਮਾਇਆ ਫਿਰ 'ਮਾਲਿਕਿਨੱਾਸਿ' ਅਤੇ ਅੰਤ ਵਿੱਚ 'ਇਲਾਹਿਨੱਾਸਿ' । ਜੋ ਮਨੁੱਖ ਦਾ ਅਸਲੀ ਮੰਤਵ ਤੇ ਓਦੇਸ਼ ਹੈ 'ਇਲਾ' ਕਹਿੰਦੇ ਹਨ ਮੰਤਵ, ਉਦੇਸ਼ ਤੇ ਉਪਾਸਯ ਨੂੰ, ਲਾ ਇਲਾਹਾ ਇਲਲੱਾਹੁ ਦੇ ਇਹੋ ਅਰਥ ਹਨ ਕਿ 'ਲਾ ਮਾਬੂਦਲੀ ਵ ਲਾ ਮਕਸੂਦਲੀ ਵ ਲਾ ਮਤਲੂਬਲੀ ਇਲਲੱਾਹੁ' । ਅਰਥਾਤ ਰੱਬ ਤੋਂ ਬਿਨਾ ਕੋਈ ਉਪਾਸਯ ਨਹੀ, ਕੋਈ ਮੰਤਵ ਨਹੀਂ ਅਤੇ ਕੋਈ ਉਦੇਸ਼ ਨਹੀਂ । ਫ਼ਰਮਾਇਆ ਇਹੋ ਸੱਚੀ ਤੌਹੀਦ ਹੈ ਕਿ ਹਰ ਇਕ ਉਸਤੱਤੀ ਤੇ ਵੱਡਿਆਈ ਦਾ ਮਾਲਕ ਰੱਬ ਨੂੰ ਹੀ ਠਹਿਰਾਇਆ ਜਾਵੇ, ਜਿੰਨ੍ਹੀਆਂ ਵੀ ਉਸਤਤੀਆਂ ਹਨ ਸਾਰੀਆਂ ਰੱਬ ਵੱਲ ਹੀ ਮੜ੍ਹੀਆਂ ਜਾਣ, ਜੋ ਗੁਣ ਹਨ ਉਹ ਅਲੱਾਹ ਵੱਲ ਹੀ ਜਾਂਦੇ ਹਨ ਅਤੇ ਉਸੇ ਨੂੰ ਭਾਉਂਦੇ ਹਨ ਅਤੇ ਇਹੋ ਹਕੀਕੀ ਤੌਹੀਦ ਹੈ ।

ਫ਼ਰਮਾਇਆ ਕਿ ਤੌਹੀਦ ਉਦੋਂ ਹੀ ਪੂਰੀ ਹੁੰਦੀ ਹੈ ਜੱਦ ਸਾਰੀਆਂ ਮੁਰਾਦਾਂ ਦਾ ਦਾਤਾ ਅਤੇ ਸਾਰੇ ਰੋਗਾਂ ਦਾ ਨਿਵਾਰਕ ਤੇ ਉਪਚਾਰਕ ਉਹੋ ਇਕੋ ਇਕ ਹੋਵੇ, ਲਾ ਇਲਾਹਾ ਇਲਲੱਾਹੁ ਦੇ ਇਹੋ ਅਰਥ ਹਨ । ਫ਼ਰਮਾਇਆ, ਸੂਫ਼ੀਆਂ (ਅਧਿਆਤਮ ਵਾਦੀ) ਨੇ 'ਇਲਾਹਾ' ਸ਼ਬਦ ਤੋਂ ਉਪਾਸਯ, ਮੰਤਵ ਤੇ ਪਿਆਰਾ ਭਾਵ ਲਿਆ ਹੈ ਬੇਸ਼ਕ ਅਸਲ ਸਚੱਾਈ ਇਉਂ ਹੀ ਹੈ, ਜੱਦ ਤੱਕ ਮਨੁੱਖ ਪੂਰਨ ਰੂਪ ਵਿੱਚ ਪਾਬੰਦ ਨਹੀਂ ਹੁੰਦਾ, ਉਸ ਵਿੱਚ ਇਸਲਾਮ ਦੀ ਮੁਹਬੱਤ ਤੇ ਵੱਡਿਆਈ ਕਾਇਮ ਨਹੀਂ ਹੁੰਦੀ । ( (لا إله إلا الله) ਲਾ ਇਲਾਹਾ ਇਲਲੱਾਹੁ ਉਪੱਰ ਪੂਰੀ ਸਚੱਾਈ ਨਾਲ ਕਾਰਬੰਦ ਹੋਵੇ ਤਾਂ ਹੀ ਇਸਲਾਮ ਦੀ ਸੱਚੀ ਮੁਹਬੱਤ ਤੇ ਵੱਡਿਆਈ ਕਾਇਮ ਹੋਵੇਗੀ, ਨਹੀਂ ਤਾਂ ਕੇਵਲ ਗੱਲਾਂ ਹਨ )

ਤੌਹੀਦ ਦੀ ਸਚੱਾਈ ਅਤੇ ਇਕ ਮੋਮਨ ਦਾ ਮਾਪਦੰਡ ਕੀ ਹੋਣਾ ਚਾਹੀਦਾ ਹੈ ਇਸ ਬਾਰੇ ਆਪ ਫ਼ਰਮਾਉਂਦੇ ਹਨ ਕਿ ਜੋ ਲੋਕ ਹਾਕਮਾ ਵੱਲ ਝੁਕੇ ਹੋਏ ਹਨ ਅਤੇ ਓਹਨਾਂ ਤੋਂ ਪੁਰਸਕਾਰ ਜਾਂ ਉਪਾਧੀ ਪਾਉਂਦੇ ਹਨ ਉਹਨਾਂ ਦੇ ਮਨਾ ਵਿੱਚ ਉਹਨਾਂ ਦੀ ਅਜ਼ਮਤ ਰੱਬ ਜਿਹੀ ਅਜਮਤ ਦਾਖ਼ਲ ਹੋ ਜਾਂਦੀ ਹੈ । ਉਹ ਉਹਨਾਂ ਦੇ ਪ੍ਰਸਤਾਰ ਬਣ ਜਾਂਦੇ ਹਨ ਅਤੇ ਇਹੋ ਇਕ ਕਾਰਜ ਹੈ ਜੋ ਤੌਹੀਦ ਦਾ ਵਿਨਾਸ਼ ਕਰਦਾ ਹੈ (ਤੌਹੀਦ ਦੇ ਮਿਆਰ ਨੂੰ ਖ਼ਤਮ ਕਰ ਦਿੰਦਾ ਹੈ ) ਅਤੇ ਮਨੁੱਖ ਨੂੰ ਉਸ ਦੇ ਮੂਲ ਮੰਤਵ ਤੋਂ ਪੁੱਟ ਕੇ ਦੂਰ ਸੁੱਟ ਦਿੰਦਾ ਹੈ । ਇਸ ਲਈ ਸਾਰੇ ਨਬੀ ਇਹ ਸਿੱਖਿਆ ਦਿੰਦੇ ਹਨ ਕਿ ਅਸਬਾਬ (ਉਪਕਰਣ) ਅਤੇ ਤੌਹੀਦ ਵਿੱਚ ਉਣਤਾਈ ਨ ਹੋਵੇ ਸਗੋਂ ਹਰ ਇਕ ਆਪਣੀ ਆਪਣੀ ਥਾਂ ਰਹੇ ਅੰਤ ਨੂੰ ਤੌਹੀਦ ਉਪੱਰ ਠਹਿਰ ਜਾਵੇ । ਉਹ ਮਨੁੱਖ ਨੂੰ ਅਰਥਾਤ ਨਬੀ ਮਨੁੱਖ ਨੂੰ ਇਹ ਸਿਖਾਉਂਣਾ ਚਾਹੁੰਦੇ ਹਨ ਕਿ ਸਾਰੇ ਮਾਨ ਸਨਮਾਨ, ਆਰਾਮ ਤੇ ਲੋੜਾਂ ਦਾ ਕਾਰਜਦਾਤਾ ਰੱਬ ਹੀ ਹੈ । ਇਸ ਲਈ ਉਸ ਦੇ ਟਾਕਰੇ ਵਿੱਚ ਕਿਸੇ

ਹੋਰ ਨੂੰ ਵੀ ਕਾਇਮ ਕੀਤਾ ਜਾਵੇ ਤਾਂ ਸਾਫ਼ ਸਪਸ਼ਟ ਹੈ ਕਿ ਦੋ ਹਠਾਂ ਵਿੱਚ ਇਕ ਨਸ਼ਟ ਹੋ ਜਾਂਦੀ ਹੈ । ਇਸ ਲਈ ਫ਼ਰਮਾਇਆ ਕਿ ਪਹਿਲਾਂ ਰੱਬ ਦੀ ਤੌਹੀਦ ਕਾਇਮ ਹੋਵੇ । ਅਸਬਾਬ ਦੇ ਸਮਾਧਾਨਾ ਦੀ ਥਾਂ ਸਬਬਾਂ ਨੂੰ ਰੱਬ ਨ ਬਣਾਇਆ ਜਾਵੇ । (ਅਸਬਾਬਾਂ ਨੂੰ ਵਰਤਨਾਂ ਜ਼ਰੂਰੀ ਹੈ ਜੋ ਸਾਧਨ ਰੱਬ ਨੇ ਬਣਾਏ ਹਨ, ਜੋ ਵਸੀਲੇ ਰੱਬ ਨੇ ਦਿੱਤੇ ਹਨ ਉਹਨਾ ਨੂੰ ਵਰਤੋ, ਪਰ ਉਹਨਾਂ ਨੂੰ ਰੱਬ ਨ ਬਣਾਓ ਤੌਹੀਦ ਨੂੰ ਪਹਿਲ ਦਿਓ) ਇਸੇ ਤੌਹੀਦ ਨਾਲ ਇਕ ਮੁਹਬੱਤ ਰੱਬ ਨਾਲ ਪੈਦਾ ਹੁੰਦੀ ਹੈ ਜੱਦ ਕਿ ਮਨੁੱਖ ਇਹ ਸਮਝਦਾ ਹੈ ਕਿ ਲਾਭ ਤੇ ਹਾਨੀ ਉਸੇ ਹੱਥ ਵਿੱਚ ਹੈ । ਹਕੀਕੀ ਪਰਉਪਕਾਰੀ ਉਹੋ ਹੀ ਹੈ ਕਣ ਕਣ ਉਸੇ ਤੋਂ ਹੈ ਦੂਜਾ ਵਿਚਕਾਰ ਕੋਈ ਨਹੀਂ । ਜੱਦ ਮਨੁੱਖ ਇਸ ਪਾਕ ਅਵਸਥਾ ਨੂੰ ਪ੍ਰਾਪਤ ਕਰੇ ਤਾਂ ਉਹ ਇਕ ਈਸ਼ਵਰ ਵਾਦੀ ਅਖਵਾਉਂਦਾ ਹੈ । (ਜੱਦ ਇਹ ਅਵਸਥਾ ਹੋ ਜਾਵੇਗੀ ਪੂਰਨਤਾ ਰੱਬ ਉਪੱਰ ਭਰੋਸਾ ਹੋ ਜਾਵੇਗਾ ਕੋਈ ਦੂਜਾ ਵਿਚਕਾਰ ਨਹੀਂ ਹੋਵੇਗਾ, ਉਸੇ ਸਮੇਂ ਇਕ ਈਸ਼ਵਰ ਵਾਦੀ ਕਹਿਲਾਓ ਗੇ) ਭਾਵ ਇਕ ਅਵਸਥਾ ਤੌਹੀਦ ਦੀ ਇਹ ਹੈ ਕਿ ਮਨੁੱਖ ਪਥੱਰਾਂ ਜਾਂ ਮਨੁੱਖਾਂ ਜਾਂ ਕਿਸੇ ਹੋਰ ਚੀਜ਼ ਨੂੰ ਰੱਬ ਨ ਬਣਾਏ ਸਗੋਂ ਉਹਨਾਂ ਨੂੰ ਰੱਬ ਬਨਾਉਣ ਵਿੱਚ ਅਣਉਚਿਤਾ ਤੇ ਨਫ਼ਰਤ ਪ੍ਰਕਟ ਕਰੇ । ਦੂਜੀ ਅਵਸਥਾ ਇਹ ਹੈ ਕਿ ਸਬਬਾਂ ਦੇ ਸਮਾਧਾਨਾ ਵਿੱਚੋਂ ਬਹੁਤਾ ਨ ਲੰਘੇ । (ਅਰਥਾਤ ਪੂਰਨਤਾ ਅਸਬਾਬ (ਉਪਕਰਣਾ) ਉਪੱਰ ਭਰੋਸਾ ਕਰਕੇ ਬਹਿ ਨ ਰਹੇ, ਹੱਦ ਤੋਂ ਵੱਧ ਉਹਨਾ ਉਪੱਰ ਹੀ ਭਰੋਸਾ ਤੇ ਆਸ ਨ ਰੱਖੇ ।)

ਫ਼ਰਮਾਇਆ ਕਿ ਤੀਜੀ ਪ੍ਰਕਾਰ ਇਹ ਹੈ ਕਿ ਆਪਣੇ ਨਫ਼ਸ ਅਤੇ ਵਜੂਦ ਦੇ ਉਦੇਸ਼ਿਆਂ ਨੂੰ ਵੀ ਵਿੱਚੋਂ ਚੁੱਕ ਦਿੱਤਾ ਜਾਵੇ (ਤੌਹੀਦ ਕਾਇਮ ਕਰਨ ਲਈ ਤੀਜੀ ਚੀਜ਼ ਇਹ ਹੈ ਕਿ ਆਪਣੇ ਆਪੇ ਨੂੰ ਵੀ ਮਾਰ ਦਿਓ, ਉਸ ਦੇ ਉਦੇਸ਼ ਜੋ ਵਿਅਤੀਗੱਤ ਉਦੇਸ਼ ਹਨ ਉਹਨਾ ਨੂੰ ਖ਼ਤਮ ਕਰ ਦਿਓ) ਅਤੇ ਉਸ ਦੀ ਘਾਟ ਕੀਤੀ ਜਾਵੇ । ਕਈ ਵਾਰ ਮਨੁੱਖ ਦੀ ਦ੍ਰਿਸ਼ਟੀ ਵਿੱਚ ਆਪਣੀ ਖ਼ੂਬੀ ਤੇ ਸ਼ਕਤੀ ਵੀ ਹੁੰਦੀ ਹੈ । (ਅਧਿਕਤਰ ਇਹ ਹੁੰਦਾ ਹੈ ਕਿ ਮਨੁੱਖ ਆਪਣੇ ਕਈ ਕੰਮਾ ਵਿੱਚ ਆਪਣੀ ਖ਼ੂਬੀ ਤੇ ਬਲ ਉਪੱਰ ਅਜਿਹਾ ਭਰੋਸਾ ਕਰ ਰਿਹਾ ਹੁੰਦਾ ਹੈ ਆਪਣੀ ਖ਼ੂਬੀ ਤੇ ਤਾਕਤ ਵੀ ਹੁੰਦੀ ਹੈ ।) ਕਿ ਫ਼ਲਾਣੀ ਨੇਕੀ ਵਿੱਚ ਜਾਂ ਭਲਾ ਕੰਮ ਮੈਂ ਆਪਣੀ ਤਾਕਤ ਨਾਲ ਕੀਤਾ ਹੈ । ਮਨੁੱਖ ਆਪਣੀ ਤਾਕਤ ਉਪੱਰ ਅਜਿਹਾ ਭਰੋਸਾ ਕਰਦਾ ਹੈ ਕਿ ਹਰ ਕੰਮ ਨੂੰ ਆਪਣੀ ਸ਼ਕਤੀ ਸਮਝਦਾ ਹੈ, ਮਨੁੱਖ ਸ਼ਰੀਰਵਾਦੀ ਹੁੰਦਾ ਹੈ ਕਿ ਆਪਣੀਆਂ ਸ਼ਕਤੀਆਂ ਨੂੰ ਵੀ ਵਿੱਚੋਂ ਖ਼ਤਮ ਕਰ ਦੇਵੇ ।

ਅਰਥਾਤ ਹੇ, ਰਸੂਲ ! ਤੂੰ ਉਹਨਾਂ ਲੋਕਾ ਨੂੰ ਕਹਿ ਦੇ ਕਿ ਜੇਕਰ ਤੁਸੀਂ ਰੱਬ ਨੂੰ ਪਿਆਰ ਕਰਦੇ ਹੋ ਤਾਂ ਮੇਰੀ ਪੈਰ੍ਹਵੀ ਕਰੋ ਅਲੱਾਹ ਤੁਹਾਨੂੰ ਆਪਣ ਪਿਆਰਾ ਬਣਾ ਲਏ ਗਾ । ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਦੀ ਪੂਰਨਤਾ ਪੈਰ੍ਹਵੀ ਮਨੁੱਖ ਨੂੰ ਮਹਿਬੂਬੇ ਇਲਾਹੀ ਦੇ ਅਸਥਾਨ ਤੱਕ ਪਹੁੰਚਾ ਦਿੰਦੀ ਹੈ ਜਿਸ ਤੋਂ ਪਤਾ ਲਗਦਾ ਹੈ ਕਿ ਆਪ ਪੂਰਨ ਇਕ ਈਸ਼ਵਰਵਾਦੀ ਸਨ । ਫਿਰ ਜੇਕਰ ਯਹੂਦੀ ਤੌਹੀਦ ਦੇ ਮਨ੍ਹਣ ਵਾਲੇ ਹੁੰਦੇ ਤਾਂ ਕੋਈ ਕਾਰਣ ਨਹੀਂ ਸੀ ਕਿ ਅਜਿਹੇ ਇਕ ਈਸ਼ਵਰਵਾਦੀ ਤੋਂ ਦੂਰ ਰਹਿੰਦੇ । ਉਹਨਾ ਨੂੰ ਚੇਤੇ ਰੱਖਣਾ ਚਾਹੀਦਾ ਸੀ (ਅਰਥਾਤ ਉਹਨਾਂ ਨੂੰ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਨੂੰ ਫਿਰ ਮਨ੍ਹਣਾ ਚਾਹੀਦਾ ਸੀ) ਕਿ ਖ਼ੁਦਾ ਤਆਲਾ ਦੇ ਖ਼ਾਤਾਮੁਰੁੱਸਲ ਦਾ ਇਨਕਾਰ ਅਤੇ ਦੁਸ਼ਮਣੀ ਅਤਿਅੰਤ ਖ਼ਤਰਨਾਕ ਕਾਰਜ ਹੈ, ਪਰ ਉਹਨਾ ਨੇ ਇਸ ਪਰਵਾਹ ਨਹੀਂ ਕੀਤੀ ਅਤੇ ਉਹਨਾਂ ਦੀ ਕਿਤਾਬ ਵਿੱਚ ਭਵਿੱਖਬਾਣੀ ਹੁੰਦਿਆਂ ਹੋਇਆਂ ਵੀ ਉਹਨਾਂ ਨੇ ਇਨਕਾਰ ਕਰ ਦਿੱਤਾ । ਇਸ ਦਾ ਕਾਰਣ ਇਸ ਤੋਂ ਬਿਨਾ ਹੋਰ ਕੀ ਹੋ ਸਕਦਾ ਹੈ ਕਿ ਕਸਤ ਕੁਲੂਬੁਹੁਮ (ਉਹਨਾਂ ਦੇ ਦਿਲ ਸੰਕੁਚਿਤ ਹਨ)

ਇਕ ਮੌਕੇ'ਤੇ ਹਜ਼ਰਤ ਈਸਾ ਅਲੈਹਿ ਸਲਾਮ ਬਾਰੇ ਗ਼ਲਤ ਆਸਥਾ ਉਪੱਰ ਬੋਲਦਿਆਂ ਫ਼ਰਮਾਇਆ ਕਿ:

ਇਸਲਾਮ ਉਹ ਸਾਫ਼ ਤੇ ਪਵਿਤੱਰ ਤੌਹੀਦ ਲੈਕੇ ਆਇਆ ਸੀ ਜਿਸ ਦਾ ਨਮੂਨਾ ਅਤੇ ਨਾਂ-ਨਿਸ਼ਾਂ ਵੀ ਹੋਰਨਾ ਕੌਮਾਂ ਤੇ ਧਰਮਾ ਵਿੱਚ ਨਹੀਂ ਪਾਇਆ ਜਾਂਦਾ। ਇੱਥੋਂ ਤੱਕ ਕਿ ਮੇਰਾ ਈਮਾਨ (ਆਸਥਾ) ਹੈ ਕਿ ਜੇਕਰ ਪਹਿਲੀਆਂ ਕਿਤਾਬਾਂ ਵਿੱਚ ਵੀ ਖ਼ੁਦਾ ਦੀ ਤੌਹੀਦ ਵਰਨਣ ਕੀਤੀ ਗਈ ਹੈ ਅਤੇ ਸਾਰੇ ਨਬੀਆਂ ਦੇ ਅਵਤਰਿਤ ਹੋਣ ਦਾ ਮੰਤਵ ਤੇ ਉਦੇਸ਼ ਵੀ ਤੌਹੀਦ ਦਾ ਪ੍ਰਚਾਰ ਤੇ ਪ੍ਰਸਾਰ ਸੀ । ਪਰ ਜਿਸ ਢੰਗ ਤੇ ਤਰੀਕੇ ਨਾਲ ਖ਼ਾਤਾਮੁਲ ਅੰਬਿਆ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਤੌਹੀਦ ਲੈਕੇ ਆਏ ਅਤੇ ਜਿਸ ਵਿਧੀ ਨਾਲ ਕੁਰਆਨ ਕਰੀਮ ਨੇ ਤੌਹੀਦ ਦੇ ਮਰਤਬਿਆਂ ਨੂੰ ਖੋਲ ਖੋਲਕੇ ਵਰਨਣ ਕੀਤਾ ਹੈ ਕਿਸੇ ਹੋਰ ਕਿਤਾਬ ਵਿੱਚ ਇਸਦਾ ਉਕੱਾ ਹੀ ਪਤਾ ਨਹੀਂ ਲਗਦਾ । ਫਿਰ ਜੱਦ ਅਜਿਹੇ ਸਾਫ਼ ਸੋਮੇ ਨੂੰ ਓਹਨਾਂ ਨੇ ਗਦਲਾ ਕਰਨਾ ਚਾਹਿਆ (ਅਰਥਾਤ ਉਹਨਾਂ ਲੋਕਾਂ ਨੇ ਜੋ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦੀ ਵਿਰੋਧਤਾ ਕਰਦੇ ਹਨ ਅਤੇ ਹਜ਼ਰਤ ਈਸਾ ਅਲੈਹਿ ਸਲਾਮ ਦੀ ਮੌਤ ਤੇ ਕਾਇਲ ਨਹੀਂ ਹਨ ਅਤੇ ਖ਼ੁਦਾ ਤਆਲਾ ਦੇ ਟਾਕਰੇ'ਤੇ ਕਈ ਥਾਂ ਉਹਨਾਂ ਨੇ ਖੜ੍ਹਾ ਕੀਤਾ ਹੋਇਆ ਹੈ ਅਤੇ ਫਿਰ ਵੀ ਆਪਣੇ ਆਪ ਨੂੰ ਮੁਸਲਮਾਨ

ਕਹਿੰਦੇ ਹਨ । ਉਹਨਾ ਬਾਰੇ ਫ਼ਰਮਾ ਰਹੇ ਹਨ) ਕਿ ਜੱਦ ਅਜਿਹੇ ਸਾਫ਼ ਸੋਮੇ ਨੂੰ ਉਹਨਾਂ ਨੇ ਅਰਥਾਤ ਅਜਿਹੇ ਮੁਸਲਮਾਨ ਅਖਵਾਉਂਣ ਵਾਲਿਆਂ ਨੇ ਗਦਲਾ ਕਰ ਦਿੱਤਾ ਜਾਂ ਕਰਨਾ ਚਾਹਿਆ ਤਾਂ ਦੱਸੋ ਇਸਲਾਮ ਦੀ ਤੌਹੀਨ ਵਿੱਚ ਕੀ ਬਾਕੀ ਰਿਹਾ । ਇਸ'ਤੇ ਉਹਨਾਂ ਦੀ ਬਦਸਿਕਤੀ ਇਹ ਕਿ ਜੱਦ ਉਹਨਾਂ ਨੂੰ ਉਹ ਅਸਲ ਇਸਲਾਮ ਜੋ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਲੈਕੇ ਆਏ ਸਨ, ਪੇਸ਼ ਕੀਤਾ ਜਾਂਦਾ ਹੈ ਅਤੇ ਕੁਰਆਨ ਕਰੀਮ ਰਾਹੀਂ ਸਾਬਤ ਕਰਕੇ ਦਿਖਾਇਆ ਜਾਂਦਾ ਹੈ ਕਿ ਤੁਸੀਂ ਗ਼ਲਤੀ ਉਪੱਰ ਹੋ ਤਾਂ ਕਹਿ ਦਿੰਦੇ ਹਨ ਕਿ ਸਾਡੇ ਬਾਪ ਦਾਦਾ ਇਸੇ ਪ੍ਰਕਾਰ ਮਨ੍ਹਦੇ ਆਏ ਹਨ । ਪਰ ਮੈਂ ਕਹਿੰਦਾ ਹਾਂ ਕਿ ਕੀ ਕੇਵਲ ਇੰਨ੍ਹੀ ਗੱਲ ਕਹਿ ਕੇ ਆਪਣੇ ਆਪ ਨੂੰ ਬਰੀ ਕਰ ਸਕਦੇ ਹੋ ? ਨਹੀਂ ! ਸਗੋਂ ਕੁਰਆਨ ਕਰੀਮ ਅਨੁਸਾਰ ਅਤੇ ਖ਼ੁਦਾ ਤਆਲਾ ਦੀ ਮਰਿਯਾਦਾ ਅਨੁਸਾਰ ਇਸ ਕਥਨ ਨਾਲ ਵੀ ਉਹਨਾਂ ਦੀ ਇਕ ਦਲੀਲ ਪੂਰੀ ਹੁੰਦੀ ਹੈ । ਜੱਦ ਕਦੇ ਵੀ ਖ਼ੁਦਾ ਤਆਲਾ ਵੱਲੋਂ ਕੋਈ ਮਾਮੂਰ ਕੇ ਮੁਰਸਲ (ਰਸੂਲ, ਅਵਤਾਰ) ਆਇਆ ਹੈ ਤਾਂ ਵਿਰੋਧੀਆਂ ਨੇ ਉਸ ਦੀ ਸਿੱਖਿਆ ਨੂੰ ਸੁਣ ਕੇ ਇਹੋ ਕਿਹਾ ਹੈ ।

( ماسمعنا بهذا في اباَئنا الاولين ) ਮਾ ਸਮਿਨਾ ਬਿਹਾਜ਼ਾ ਫ਼ੀ ਆਬਾਨਾਇਨਲ ਅਵੱਾਲੀਨ ਅਰਥਾਤ ਅਸੀਂ ਆਪਣੇ ਬਾਪ ਦਾਦਿਆਂ ਵਿੱਚ ਇਸ ਪ੍ਰਕਾਰ ਦੀ ਘਟਨਾ ਵਾਪਰਦਿਆਂ ਨਹੀਂ ਦੇਖੀ ਨ ਹੀ ਸੁਣੀ । ਤੌਹੀਦ ਅਤੇ ਸ਼ਿਰਕ ਦੇ ਅਸਬਾਬ ਬਾਰੇ ਦਸਦੇ ਹਨ ਕਿ ਤੌਹੀਦ ਉਸ ਦਾ ਨਾਂ ਨਹੀਂ ਕਿ ਕੇਵਲ ਮੂੰਹੋਂ ( اشهدان لا اله الا الله واشهدان محمد رسول الله ) ਅਸ਼ਹਦੁ ਅੰਨ ਲਾਇਲਾਹਾ ਇਲਲੱਾਹੁ ਵ ਅਸ਼ਹਦੁ ਅੰਨਾ ਮੁਹਮੱਦਰੱਸੂਲੁਲੱਾਹ, ਕਹਿ ਲਿਆ । ਸਗੋਂ ਤੌਹੀਦ ਦੇ ਇਹ ਅਰਥ ਹਨ ਇਲਾਹੀ ਅਜ਼ਮਤ ਦਿਲਾਂ ਵਿੱਚ ਚੰਗੀ ਤਰ੍ਹਾਂ ਬਹਿ ਜਾਵੇ ਅਤੇ ਉਸ ਦੇ ਅੱਗੇ ਕਿਸੇ ਦੂਜੀ ਚੀਜ ਦੀ ਮਹਤੱਾ ਦਿਲ ਵਿੱਚ ਥਾਂ ਨ ਬਣਾਵੇ । ਹਰ ਇਕ ਕਾਰਜ ਹਰ ਹਰਕਤ ਤੇ ਅਮਨ ਦਾ ਸੋਮਾ ਅਲੱਾਹ ਦੇ ਪਾਕ ਵਜੂਦ ਨੂੰ ਸਮਝਿਆ ਜਾਵੇ ਅਤੇ ਹਰ ਇਕ ਕਾਰਜ ਵਿੱਚ ਉਸੇ ਉਪੱਰ ਭਰੋਸਾ ਕੀਤਾ ਜਾਵੇ । ਰੱਬ ਤੋਂ ਬਿਨਾ ਕਿਸੇ ਉਪੱਰ ਦ੍ਰਿਸ਼ਟੀ ਜਾਂ ਭਰੋਸਾ ਕਦੇ ਵੀ ਨ ਰਹੇ ਅਤੇ ਰੱਬ ਦੇ ਵਿਅਕਤੀਤਵ ਵਿੱਚ ਅਤੇ ਉਸ ਦੇ ਗੁਣਾ ਵਿੱਚ ਕਿਸੇ ਵੀ ਪ੍ਰਕਾਰ ਦਾ ਸ਼ਿਰਕ ਨ ਰੱਖਿਆ ਜਾਵੇ । ਫ਼ਰਮਾਇਆ ਕਿ ਹੁਣ ਕੋਈ ਵੀ ਮਖ਼ਲੂਕ ਪਰਸਤੀ ਨੂੰ ਨਹੀਂ ਮਨ੍ਹਦਾ । ਹਾਂ ! ਅਸਬਾਬ ਪ੍ਰਸਤੀ ਦਾ ਸ਼ਿਰਕ, ਇਸ ਪ੍ਰਕਾਰ ਦਾ ਸ਼ਿਰਕ ਹੈ ਕਿ ਇਸ ਨੂੰ ਬਹੁਤ ਲੋਕ ਨਹੀਂ ਸਮਝਦੇ । ਉਧਾਰਣ ਲਈ ਕਿਸਾਨ ਕਹਿੰਦਾ ਹੈ ਕਿ ਜੱਦ ਤੱਕ ਖੇਤੀ ਨਹੀਂ ਕਰਾਂਗਾਂ, ਉਹ ਫ਼ਲ ਨ ਲਿਆਏਗੀ ਉਦੋਂ ਤੱਕ ਗ਼ੁਜ਼ਾਰਾ ਨਹੀਂ ਹੋ ਸਕਦਾ । ਇਸੇ ਪ੍ਰਕਾਰ ਇਕ ਕਾਰੋਬਾਰੀ ਨੂੰ ਆਪਣੇ ਕਾਰੋਬਾਰ ਉਪੱਰ ਭਰੋਸਾ ਹੈ ਅਤੇ ਉਹਨਾ ਨੇ ਇਹ ਸਮਝ ਰੱਖਿਆ ਹੈ ਕਿ ਜੇਕਰ ਅਸੀਂ ਇਹ ਨਹੀਂ ਕਰਾਂਗੇ ਤਾਂ ਫਿਰ ਜੀਉਂਣਾ ਔਖਾ ਹੈ । ਇਸ ਦਾ ਨਾਂ ਅਸਬਾਬ ਪ੍ਰਸਤੀ ਹੈ । ਇਹ ਇਸ ਲਈ ਹੈ ਕਿ ਖ਼ੁਦਾ ਤਆਲਾ ਦੀਆਂ ਕੁਦਰਤਾਂ ਉਪੱਰ ਈਮਾਨ ਨਹੀਂ ਹੈ । ਕਾਰੋਬਾਰ ਆਦਿ ਤਾਂ ਇਕ ਪਾਸੇ ਪਾਣੀ, ਹਵਾ ਤੇ ਭੋਜਨ ਜਿਸ ਉਪੱਰ ਜੀਵਨ ਟਿਕਿਆ ਹੈ ਇਹ ਵੀ ਮਨੁੱਖ ਨੂੰ ਕੋਈ ਲਾਭ ਨਹੀਂ ਪਹੁੰਚਾ ਸਕਦੇ ਜੱਦ ਤੱਕ ਖ਼ੁਦਾ ਤਆਲਾ ਦਾ ਹੁਕੁਮ ਨ ਹੋਵੇ ।

ਆਪ ਦਾ ਇਕ ਇਲਹਾਮ ਹੈ ਕਿ 'ਅੰਤਾ ਮਿੰਨੀ ਵ ਅਨਾ ਮਿਨਕਾ' । ਤਾਂ ਅਪ ਨੂੰ ਪ੍ਰਸ਼ਨ ਕੀਤਾ ਗਿਆ ਕਿ ਲੋਕ ਇਹ ਇਤਰਾਜ਼ ਕਰਦੇ ਹਨ ਕਿ ਇਹ ਤਾਂ ਤੌਹੀਦ ਦੇ ਖ਼ਿਲਾਫ਼ ਹੈ ਕਿ ਤੂੰ ਮੇਰੇ ਵਿੱਚੋਂ ਹੈ ਅਤੇ ਮੈਂ ਤੇਰੇ ਵਿੱਚੋਂ । ਫ਼ਰਮਾਇਆ, 'ਅੰਤਾ ਮਿੰਨੀ' ਤਾਂ ਪੂਰਨਤਾ ਸਾਫ਼ ਹੈ । ਇਸ'ਤੇ ਕਿਸੇ ਪ੍ਰਕਾਰ ਦਾ ਇਤਰਾਜ਼ ਅਤੇ ਕਿੰਤੂ ਪ੍ਰੰਤੂ ਨਹੀਂ ਹੋ ਸਕਦੀ । ਮੇਰਾ ਪ੍ਰਗਟਾਵਾ ਕੇਵਲ ਅਲੱਾਹ ਦੀ ਮਿਹਰ ਰਾਹੀਂ ਹੈ ਅਤੇ ਉਸੇ ਤੋਂ ਹੈ (ਅਰਥਾਤ ਅੰਤਾ ਮਿੰਨੀ ਦਾ ਅਰਥ ਹੀ ਇਹ ਹੈ ਕਿ ਜੋ ਕੁਝ ਮਿਲਿਆ ਹੈ ਅਲੱਾਹ ਦੀ ਮਿਹਰ ਨਾਲ ਮਿਲਿਆ ਹੈ, ਅਲੱਾਹ ਨੇ ਹੀ ਦਿੱਤਾ ਹੈ ।)

ਫਿਰ 'ਅਨਾ ਮਿਨਕਾ' ਬਾਰੇ ਹਜ਼ੂਰ ਫ਼ਰਮਾਉਂਦੇ ਹਨ : ਇਸ ਦੀ ਹਕੀਕਤ ਸਮਝਣ ਲਈ ਇਹ ਚੇਤੇ ਰੱਖਣਾ ਚਾਹੀਦਾ ਹੈ ਕਿ ਅਜਿਹਾ ਮਨੁੱਖ ਜੋ ਨਿਉਣ ਦੇ ਕਾਮਲ ਦਰਜੇ ਉਪੱਰ ਪਹੁੰਚ ਕੇ ਇਕ ਨਵਾਂ ਜੀਵਨ ਅਤੇ ਪਵਿੱਤਰ ਜੀਵਨ ਪ੍ਰਾਪਤ ਕਰ ਚੁੱਕਾ ਹੈ ਅਤੇ ਜਿਸ ਨੂੰ ਖ਼ੁਦਾ ਤਆਲਾ ਨੇ ਸੰਬੋਧਤ ਕਰਕੇ ਫ਼ਰਮਾਇਆ ਹੈ 'ਅੰਤਾ ਮਿੰਨੀ' ਜੋ ਉਸਦੀ ਨੇੜਤਾ ਅਤੇ ਇਲਾਹੀ ਮਆਰਫ਼ਤ ਦੀ ਵਾਸਤਵਿਕਤਾ ਤੋਂ ਜਾਣੂ ਹੋਣ ਦੀ ਦਲੀਲ ਹੈ ਅਤੇ ਇਹ ਮਨੁੱਖ ਖ਼ੁਦਾ ਤਆਲਾ ਦੀ ਤੌਹੀਦ ਅਤੇ ਉਸ ਦੇ ਸਨਮਾਨ, ਅਜ਼ਮਤ ਅਤੇ ਜਾਹੋ ਜਲਾਲ ਦੇ ਪ੍ਰਗਟ ਹੋਣ ਦਾ ਸਬਬ ਹੁੰਦਾ ਹੈ । ਉਹ ਅਲੱਾਹ ਤਆਲਾ ਦੇ ਵੋਜੂਦ ਦਾ ਇਕ ਅੱਖੀ ਡਿੱਠਾ ਤੇ ਜੀਉਂਦਾ ਜਾਕਦਾ ਪ੍ਰਮਾਣ ਹੁੰਦਾਹੈ । ਇਸ ਰੂਪ ਵਿੱਚ ਤੇ ਇਸ ਪੱਖੋਂ ਸੰਭਵਤਾ ਰੱਬ ਦਾ ਜ਼ਹੂਰ ਉਸ ਵਿੱਚ ਹੋਕੇ ਰਹਿਦਾ ਹੈ ਅਤੇ ਉਹ ਖ਼ੁਦਾ ਤਆਲਾ ਦੇ ਪ੍ਰਕਟ ਹੋਣ ਦਾ ਇਕ ਦਰਪਨ ਹੁੰਦਾ ਹੈ । ਇਸ ਅਵਸਥਾ ਵਿੱਚ ਜੱਦ ਉਸਦਾ ਵਜੂਦ ਖ਼ੁਦਾ ਨੁਮਾ ਦਰਪਨ ਹੋਵੇ, ਅਲੱਾਹ ਤਆਲਾ

ਉਹਨਾ ਲਈ ਇਹ ਕਹਿੰਦਾ ਹੈ ਕਿ 'ਵ ਅਨਾ ਮਿਨਕਾ' ਅਤੇ ਅਜਿਹਾ ਮਨੁੱਖ ਜਿਸ ਨੂੰ 'ਅਨਾ ਮਿਨਕਾ' ਦੀ ਅਵਾਜ਼ ਆਉਂਦੀ ਹੈ ਉਸ ਸਮੇਂ ਦੁਨੀਆਂ ਵਿੱਚ ਆਉਂਦਾ ਹੈ ਜੱਦ ਖ਼ੁਦਾ ਪ੍ਰਸਤੀ ਦਾ ਨਾਂ ਨਿਸ਼ਾਂ ਮਿੱਟ ਗਿਆ ਹੁੰਦਾ ਹੈ । ਇਸ ਸਮੇਂ ਵੀ ਕਿਉਂਕਿ ਦੁਨੀਆ ਵਿੱਚ ਦੰਗੇ ਫ਼ਸਾਦ ਬਹੁਤ ਵੱਧ ਗਏ ਹਨ ਅਤੇ ਖ਼ੁਦਾ ਪ੍ਰਸਤੀ ਤੇ ਧਰਮਾਤਮਾ ਮਾਰਗ ਦਿਖਾਈ ਨਹੀਂ ਦਿੰਦੇ । ਅਲੱਾਹ ਤਆਲਾ ਨੇ ਇਸ ਸਿਲਸਿਲੇ (ਜਮਾਤ) ਨੂੰ ਕਾਇਮ ਕੀਤਾ ਹੈ ਅਤੇ ਕੇਵਲ ਆਪਣੀ ਮਿਹਰ ਨਾਲ ਉਸ ਨੇ ਮੈਨੂੰ ਪ੍ਰਕਟ ਕੀਤਾ ਹੈ ਤਾਂ ਜੋ ਮੈਂ ਉਹਨਾਂ ਲੋਕਾਂ ਨੂੰ ਜੋ ਰੱਬ ਤੋਂ ਗ਼ਾਫ਼ਲ ਤੇ ਅਣਜਾਣ ਹਨ ਇਸ ਦੀ ਸੂਚਨਾ ਦਿਆਂ ਅਤੇ ਨ ਕੇਵਲ ਸੂਚਨਾ ਸਗੋਂ ਸਚੱਾਈ, ਸਬਰ ਤੇ ਵਫ਼ਾਦਾਰੀ ਨਾਲ ਇਸ ਪਾਸੇ ਆਉਂਣ, ਮੈਂ ਉਹਨਾ ਨੂੰ ਖ਼ੁਦਾ ਦਿਖਾ ਦਿਆਂਗਾ । ਇਸੇ ਕਰਕੇ ਅਲੱਾਹ ਤਆਲਾ ਨੇ ਮੈਨੂੰ ਸੰਬੋਧਨ ਕਰਕੇ ਫ਼ਰਮਾਇਆ, (انتمنیوانامنك) 'ਅੰਤਾ ਮਿੰਨੀ ਵ ਅਨਾ ਮਿਨਕਾ' । ਮੈਂ ਫਿਰ ਕਹਿੰਦਾ ਹਾਂ ਕਿ ਇਸਲਾਮ ਦੀ ਅਸਲ ਜੜ੍ਹ ਤੌਹੀਦ ਹੈ ਅਰਥਾਤ ਖ਼ੁਦਾ ਤਆਲਾ ਤੋਂ ਬਿਨਾ ਕੋਈ ਚੀਜ਼ ਮਨੁੱਖ ਦੇ ਅੰਦਰ ਨ ਹੋਵੇ । ਰੱਬ ਅਤੇ ਉਸਦੇ ਰਸੂਲਾਂ ਨੂੰ ਮਿਹਣਾ ਦੇਣ ਵਾਲੇ ਨ ਹੋਣ, ਭਾਵੇਂ ਕੋਈ ਬਲਾ, ਔਕੁੜ ਜਾਂ ਮੁਸੀਬਤ ਉਸ'ਤੇ ਆਵੇ । ਕੋਈ ਦੁੱਖ ਜਾਂ ਕਸ਼ਟ ਇਹ ਚੁੱਕੇ ਪਰ ਉਸ ਦੇ ਮੂੰਹੋਂ ਸ਼ਿਕਾਇਤ ਨ ਨਿਕਲੇ । ਬਲਾ (ਮੁਸੀਬਤ) ਜੋ ਮਨੁੱਖ'ਤੇ ਆਉਂਦੀ ਹੈ ਉਹ ਉਸਦੇ ਨਫ਼ਸ (ਆਪੇ) ਕਰਕੇ ਆਉਂਦੀ ਹੈ । ਖ਼ੁਦਾ ਤਆਲਾ ਜ਼ੁਲਮ ਨਹੀਂ ਕਰਦਾ । ਹਾਂ ਕਦੇ ਕਦੇ ਸਾਦਕਾਂ ਉਪੱਰ ਵੀ ਬਲਾ ਆਉਂਦੀ ਹੈ ਪਰ ਦੂਜੇ ਲੋਕ ਉਸ ਨੂੰ ਬਲਾ ਸਮਝਦੇ ਹਨ ਵਾਸਤਵ ਵਿੱਚ ਉਹ ਬਲਾ ਨਹੀਂ ਹੁੰਦੀ । ਉਹ ਪੁਰਸਕਾਰ ਵੱਜੋਂ ਘੋਸ਼ਣਾ ਹੁੰਦੀ ਹੈ ਜਿਸ ਕਰਕੇ ਉਹਨਾਂ ਦਾ ਰੱਬ ਨਾਲ ਸਨੇਹ ਵੱਧਦਾ ਹੈ ਅਤੇ ਉਹਨਾਂ ਦਾ ਮੁਕਾਮ ਬੁਲੰਦ ਹੁੰਦਾ ਹੈ । ਇਸ ਨੂੰ ਦੂਜੇ ਲੋਕ ਸਮਝ ਨਹੀਂ ਸਕਦੇ । ਪਰ ਜਿੰਨ੍ਹਾ ਲੋਕਾਂ ਦਾ ਰੱਬ ਨਾਲ ਸੰਬੰਧ ਨਹੀਂ ਹੁੰਦਾ ਅਤੇ ਉਹਨਾ ਦੇ ਕਰਮਾ ਦਾ ਪ੍ਰਤੀਫਲ ਉਹਨਾਂ'ਤੇ ਕੋਈ ਬਲਾ ਲਿਆਉਂਦੀ ਹੈ ਤਾਂ ਉਹ ਹੋਰ ਵੀ ਗੁਮਰਾਹ ਹੋ ਜਾਂਦੇ ਹਨ । ਅਜਿਹੇ ਹੀ ਲੋਕਾਂ ਲਈ ਫ਼ਰਮਾਇਆ, ( فیقلوبہممرضفزادھماللهمرضا ) 'ਫ਼ੀ ਕੁਲੂਬਿਹਿਮ ਮਾਰਾਜ਼ਾ ਫ਼ਜ਼ਾਦਾਹੁਮੁਲੱਾਹੁ ਮਾਰਾਜ਼ਾ' । ਸੋ, ਹਮੇਸ਼ਾਂ ਰੱਬ ਤੋਂ ਡਰਦੇ ਰਹੋ, ਅਤੇ ਉਸ ਤੋਂ ਉਸਦੀ ਮਿਹਰ ਦੇ ਜਾਚਕ ਬਣੇ ਰਹੋ ਅਜਿਹਾ ਨ ਹੋਵੇ ਕਿ ਤੁਸੀਂ ਰੱਬ ਨਾਲੋਂ ਸੰਬੰਧ ਤੋੜਨ ਵਾਲੇ ਬਣ ਜਾਓ । ਜੋ ਮਨੁੱਖ ਰੱਬ ਦੀ ਕਾਇਮ ਕੀਤੀ ਜਮਾਤ ਵਿੱਚ ਦਾਖ਼ਲ ਹੁੰਦਾ ਹੈ, ਉਹ ਰੱਬ'ਤੇ ਕੋਈ ਉਪਕਾਰ ਨਹੀਂ ਕਰ ਰਿਹਾ ਹੁੰਦਾ ਸਗੋਂ ਇਹ ਉਸੇ ਦੀ ਮਿਹਰ ਹੈ ਕਿ ਉਸਨੇ ਉਸ ਨੂੰ ਅਜਿਹਾ ਬਲ ਬਖ਼ਸ਼ਿਆ । ਉਹ ਇਸ ਗੱਲ'ਤੇ ਸਮਰਥ ਹੈ ਕਿ ਇਕ ਕੌਮ ਨੂੰ ਫ਼ਨਾ ਕਰਕੇ ਦੂਜੀ ਪੈਦਾ ਕਰ ਦੇਵੇ । ਇਹ ਯੁੱਗ 'ਲੂਤ' ਤੇ 'ਨੂਹ' ਦੇ ਯੁੱਗ ਨਾਲ ਰੱਲਦਾ ਹੈ । ਇਸ ਤੋਂ ਬਿਨਾ ਕਿ ਕੋਈ ਭਿਆਨਕ ਪ੍ਰਕੋਪ ਆਉਂਦਾ ਜਾਂ ਦੁਨੀਆ ਦਾ ਖ਼ਾਤਮਾ ਕਰ ਦਿੰਦਾ ਰੱਬ ਨੇ ਆਪਣੀ ਮਿਹਰ ਤੇ ਕ੍ਰਿਪਾ ਨਾਲ ਸੁਧਾਰ ਚਾਹਿਆ ਅਤੇ ਇਸ ਸਿਲਸਿਲੇ (ਜਮਾਤ) ਨੂੰ ਕਾਇਮ ਕੀਤਾ ।

ਸਗੋਂ ਸਾਡੀ ਵੀ ਬਹੁਤ ਵੱਡੀ ਜ਼ਿੰਮੇਵਾਰੀ ਹੈ ਕਿ ਅਸੀਂ ਇਸ ਸਿੱਖਿਆ ਨੂੰ ਸਮਝੀਏ, ਤੌਹਦਿ ਦੀ ਵਾਸਤਵਿਕਤਾ ਨੂੰ ਜਾਣੀਏ । ਫ਼ਰਮਾਇਆ ਕਿ ਸਾਡੀ ਜਮਾਤ ਲਈ ਸਭ ਤੋਂ ਵੱਧ ਜ਼ਰੂਰੀ ਹੈ ਉਹ ਆਪਣੇ ਅੰਦਰ ਪਾਕ ਪਰਿਵਰਤਨ ਕਰੇ ਕਿਉਂਕਿ ਉਹਨਾਂ ਨੂੰ ਤਾਜ਼ਾ ਮਾਅਰਫ਼ਤ ਮਿਲਦੀ ਹੈ ਅਤੇ ਜੇਕਰ ਮਆਰਫ਼ਤ ਦਾ ਦਾਵਾ ਕਰਕੇ ਉਸ ਉਪੱਰ ਨ ਚੱਲੇ ਤਾਂ ਇਹ ਨਿਰੀ ਬਕਵਾਸ ਹੈ । ਇਸ ਲਈ ਸਾਡੀ ਜਮਾਤ ਨੂੰ ਦੂਜਿਆਂ ਦੀ ਸੁਸਤੀ ਗ਼ਾਫ਼ਲ ਨ ਕਰ ਦੇਵੇ । (ਦੁਨੀਆ ਦੇ ਨਮੂਨੇ ਦੇਖ ਕੇ ਉਹਨਾ ਦੇ ਪਿੱਛੇ ਨ ਚਲ ਪਓ ।) ਅਤੇ ਉਸ ਨੂੰ ਆਲਸ ਦੀ ਆਦਤ ਨ ਪਾ ਦੇਵੇ, ਉਹਨਾਂ ਦਾ ਸਖ਼ਤ ਸਨੇਹ ਦੇਖਕੇ ਆਪਣੇ ਆਪ ਨੂੰ ਵੀ ਸਖ਼ਤ ਨ ਕਰ ਲਵੇ । ਦੇਖਾ ਦੇਖੀ ਦੂਜੇ ਲੋਕਾਂ ਵਾਂਗ ਜਿੰਨ੍ਹਾ ਨੂੰ ਅਲੱਾਹ ਤੇ ਧਰਮ ਦਾ ਸਨੇਹ ਨਹੀਂ ਹੈ, ਉਹ ਆਪਣੇ ਦਿਲ ਵੀ ਸਖ਼ਤ ਨ ਕਰ ਲੈਣ । ਫ਼ਰਮਾਇਆ ਕਿ ਮਨੁੱਖ ਬਹੁਤ ਇਛੱਾਵਾਂ ਤੇ ਤਮਨੱਾਵਾਂ ਰੱਖਦਾ ਹੈ ਪਰ ਗ਼ੈਬ ਦੀਆਂ ਗੱਲਾਂ ਤੇ ਕੁਦਰਤ ਦੀ ਕਿਸ ਨੂੰ ਖ਼ਬਰ ਹੈ । ਜੀਵਨ ਇਛੱਾਵਾਂ ਅਨੁਸਾਰ ਨਹੀਂ ਚਲਦਾ । ਤਮਨੱਾਵਾਂ ਲੜੀਵਾਰ ਹੁੰਦੀਆਂ ਹਨ । ਮੌਤ ਤੇ ਕੁਦਰਤ ਦਾ ਸਿਲਸਿਲਾ ਹੋਰ ਹੈ ਅਤੇ ਉਹੋ ਹੀ ਸਚੱਾ ਸਿਲਸਿਲਾ ਹੈ ਜੋ ਮੌਤ ਤੇ ਕੁਦਰਤ ਦਾ ਹੈ । ਖ਼ੁਦਾ ਦੇ ਕੋਲ ਮਨੁੱਖ ਦੇ ਸੱਚੇ ਕਿੱਸੇ ਹਨ । ਉਸ ਨੂੰ ਕੀ ਪਤਾ ਹੈ ਕਿ ਉਸ ਵਿੱਚ ਕੀ ਲਿੱਖਿਆ ਹੈ । ਇਸ ਲਈ ਦਿਲ ਨੂੰ ਜਗਾ ਜਗਾ ਕੇ, ਹਿਲੂਣਾ ਦੇ ਦੇ ਕੇ ਗ਼ੌਰ ਕਰਨਾ ਚਾਹੀਦਾ ਹੈ ।

ਸਦਾ ਪੜਤਾਲ ਕਰਦੇ ਰਹਿਣਾ ਚਾਹੀਦਾ ਹੈ । ਅਲੱਾਹ ਤਆਲਾ ਸਾਨੂੰ ਸੱਚੇ ਤੌਰ'ਤੇ ਤੌਹੀਦ ਦੀ ਪਾਲਣਾ ਕਰਨ ਵਾਲਾ ਬਣਾਏ ਅਤੇ ਸਾਡੇ ਸਾਰੇ ਕਾਰਜ ਰੱਬ ਦੀ ਰਜ਼ਾ ਪ੍ਰਾਪਤ ਕਰਨ ਵਾਲੇ ਜਤਨਾ ਵਾਲੇ ਹੋਣ । ਆਮੀਨ ।